ਸਿਲਵੀਆ ਬਿਸ਼ਪ ਨੇ ਕੀਤਾ ਐਥੀਕਲ ਸਰਕਾਰ ਲਈ ਐਕਸ਼ਨ ਪਲਾਨ ਦਾ ਐਲਾਨ

ਬਿਸ਼ਪ ਨੇ ਕਿਹਾ, "ਚੁਣੇ ਗਏ ਅਤੇ ਨਾ ਚੁਣੇ ਅਧਿਕਾਰੀਆਂ ਲਈ ਇਹ ਦਿਸ਼ਾ ਨਿਰਦੇਸ਼ "ਇੱਕ ਵਿਸ਼ਵਾਸ ਦੀ ਗੱਲ ਹੈ।"

ਦੋ ਟਰਮਾਂ ਤੋਂ ਕੌਂਸਲਰ ਰਹੀ ਸਿਲਵੀਆ ਬਿਸ਼ਪ ਨੇ ਅੱਜ ਐਲਾਨ ਕੀਤਾ ਕਿ "ਅਕਤੂਬਰ ਵਿੱਚ ਡੈਲਟਾ ਦੀਆਂ ਮੇਅਰ ਚੋਣਾਂ ਜਿੱਤਣ ਦੀ ਸਥਿਤੀ ਵਿੱਚ ਮੈਂ ਐਥੀਕਲ ਸਥਾਨਕ ਸਰਕਾਰ ਲਈ ਤੁਰੰਤ ਐਡਹਾਕ ਮੇਅਰ ਸਟੈਂਡਿੰਗ ਕਮੇਟੀ ਨਿਯੁਕਤ ਕਰਾਂਗੀ"।

ਇਸ ਨਵੀਂ ਕਮੇਟੀ ਨੂੰ ਆਦੇਸ਼ ਦਿੱਤੇ ਜਾਣਗੇ ਕਿ ਉਹ ਰਿਸਰਚ ਕਰਕੇ ਅਤੇ ਯੋਗ ਦਿਸ਼ਾ ਨਿਰਦੇਸ਼ ਤਿਆਰ ਕਰਨ ਤਾਂ ਕਿ ਇਹ ਯਕੀਨੀ ਬਣਾਇਆ ਜਾ ਸਕੇ ਕਿ ਡੈਲਟਾ ਸ਼ਹਿਰ ਦੇ ਚੁਣੇ ਗਏ ਅਤੇ ਨਾ ਚੁਣੇ ਗਏ ਸੀਨੀਅਰ ਅਧਿਕਾਰੀ ਵਧੀਆ ਨੈਤਿਕ ਵਿਵਹਾਰ ਕਰਨ।

ਬਿਸ਼ਪ ਨੇ ਕਿਹਾ,"ਮੈਂ ੫ ਜੁਲਾਈ ਨੂੰ ਐਲਾਨ ਕੀਤਾ ਸੀ ਕਿ ਮੇਰੀ ਚੋਣ ਪ੍ਰਚਾਰ ਟੀਮ ਆਪ ਵੀ ਨੈਤਿਕ ਨਿਯਮਾਂ ਦਾ ਪਾਲਣ ਕਰੇਗੀ"।

"ਇਹ ਜਾਣਕੇ ਮੈਨੂੰ ਬੇਹੱਦ ਖੁਸ਼ੀ ਹੋਈ ਹੈ ਕਿ ਇਸ ਮੁੱਦੇ ਤੇ ਸਾਡੀ ਲੀਡਰਸ਼ਿੱਪ ਨੂੰ ਜਨਤਾ ਵੱਲੋਂ ਬਹੁਤ ਸਰਾਹਿਆ ਗਿਆ -ਅਤੇ ਹਾਲ ਹੀ ਵਿੱਚ ਘਟਨਾਵਾਂ ਦੇ ਮੱਦੇਨਜ਼ਰ ਮੈਨੂੰ ਲੱਗਦਾ ਹੈ ਕਿ ਵਚਨਬੱਧਤਾ ਦਾ ਹੁਣ ਸਹੀ ਸਮਾਂ ਹੈ ਤਾਂ ਕਿ ਇਹ ਯਕੀਨੀ ਬਣਾਇਆ ਜਾ ਸਕੇ ਕਿ ਡੈਲਟਾ ਸ਼ਹਿਰ ਵਿੱਚ ਸੇਵਾ ਅਤੇ ਕੰਮ ਕਰ ਰਹੇ ਲੋਕ ਵਧੀਆ ਨੈਤਿਕ ਆਚਰਣ ਦਾ ਪਾਲਨ ਕਰਨ"।

ਲੈਡਨਰ ਵਿੱਚ ਕੰਪੋਸਟਿੰਗ ਫੈਸਲਟੀ ਸੰਬੰਧੀ ਵਿਵਾਦ ਹਾਲ ਹੀ ਵਿੱਚ ਹੋਈਆਂ ਘਟਨਾਵਾਂ ਦੇ ਕੇਂਦਰ ਤੇ ਹੈ, ਅਤੇ ਡੈਲਟਾ ਸ਼ਹਿਰ ਦੇ ਪੂਰਵ ਸੀਨੀਅਰ ਅਧਿਕਾਰੀ ਜਿਹਨਾਂ ਨੇ ਆਪਣੀ ਅਥਾਰਟੀ ਤੋਂ ਬਾਹਰ ਕੰਮ ਕਰਦੇ ਹੋਏ ਏਅਰ ਕੁਆਲਟੀ ਪਰਮਿਟ ਤੇ ਪਬਲਿਕ ਕੰਨਸਲਟੇਸ਼ਨ ਨੂੰ ਨਹੀਂ ਹੋਣ ਦਿੱਤਾ।

ਬਿਸ਼ਪ ਨੇ ਕਿਹਾ, "ਇਹ ਸਿਰਫ਼ ਵਿਸ਼ਵਾਸ ਦੀ ਗੱਲ ਹੈ। ਇਹਨਾਂ ਨੇ ਵੀ ਇਹ ਵੀ ਕਿਹਾ ਕਿ ਖ਼ਾਸ ਐਡਹਾਕ ਕਮੇਟੀ ੨੦ ਅਕਤੂਬਰ ਨੂੰ ਚੁਣੀ ਗਈ ਨਵੀਂ ਕੌਂਸਲ ਦੀ ਇਨਓਗਰਲ ਮੀਟਿੰਗ ਤੇ ੫ ਨਵੰਬਰ ੨੦੧੮ -ਦੇ ਕੁਝ ਸਮੇਂ ਬਾਦ ਨਿਯੁਕਤ ਕੀਤੀ ਜਾਵੇਗੀ"।

ਇਸ ਖ਼ਾਸ ਕਮਿਊਨਟੀ ਦੀ ਟਰਮ ੪ ਮਹੀਨੇ ਦੀ ਹੋਵੇਗੀ ਜੋ ਮਾਰਚ ੨੦੧੯ ਦੇ ਸ਼ੁਰੂ ਵਿੱਚ ਖ਼ਤਮ ਹੋ ਜਾਵੇਗੀ। ਉਸ ਵੇਲੇ ਅੰਤਿਮ ਰਿਪੋਰਟ ਨਵੇਂ ਬਾਇ ਲਾਅਜ਼ ਦੇ ਰੂਪ ਵਿੱਚ ਤਿਆਰ ਕੀਤੀ ਜਾਵੇਗੀ, ਜਿਸਨੂੰ ਲਾਗੂ ਕਰਨ ਦੇ ਬਾਰੇ ਵਿੱਚ ਡੈਲਟਾ ਸਿਟੀ ਕੌਂਸਲ ਵਿਚਾਰ ਵਿਮਰਸ਼ ਕਰੇਗੀ।

ਬਿਸ਼ਪ ਨੇ ਕਿਹਾ, "ਇਸ ਕਿਸਮ ਦੇ ਬਾਇ ਲਾਅਜ਼ ਕੈਨੇਡਾ ਭਰ ਦੀਆਂ ਮਿਓਂਸਪੈਲਟੀਆਂ ਵਿੱਚ ਆਮ ਹਨ। ਅਤੇ ਪਿਛਲੇ ਕੁਝ ਸਾਲਾਂ ਵਿੱਚ ਯੂਨੀਅਨ ਆਫ਼ ਬੀ.ਸੀ. ਮਿਊਂਸਪੈਲਟੀਆਂ ਨੇ ਇਸ ਮੁੱਦੇ ਤੇ ਕਈ ਪੇਪਰ ਪੇਸ਼ ਕੀਤੇ ਹਨ"।

"ਮੈਨੂੰ ਲੱਗਦਾ ਹੈ ਕਿ ਇਸ ਮੁੱਦੇ ਤੇ ਲੀਡਰਸ਼ਿੱਪ ਦਾ ਸਮਾਂ ਡੈਲਟਾ ਵਿੱਚ ਆ ਗਿਆ ਹੈ ਅਤੇ ਇਸਦੇ ਸੰਬੰਧ ਵਿੱਚ ਮੈਂ ਇਹ ਵਾਦਾ ਕਰਦੀ ਹਾਂ ਕਿ ਕੌਂਸਲ ਅਤੇ ਸੀਨੀਅਰ ਸਟਾਫ਼ ਦੇ ਕੋਲ ਜਲਦੀ ਦੀ ਨੈਤਿਕ ਸਥਾਨਕ ਸਰਕਾਰ ਬਾਇ ਲਾਅ ਮੌਜੂਦ ਹੋਣਗੇ, ਜਿਸਦੇ ਸੰਚਾਲਨ ਵਿੱਚ ਉਹਨਾਂ ਸਾਰਿਆਂ ਦਾ ਵਿਵਹਾਰ ਆਏਗਾ ਜਿਹਨਾਂ 'ਤੇ ਡੈਲਟਾ ਦੇ ਲੋਕਾਂ ਨੇ ਵਿਸ਼ਵਾਸ ਕੀਤਾ ਹੈ।

ਬਿਸ਼ਪ ਦੇ ਨਾਲ ਟੀਮ ਡੈਲਟਾ ਵਿੱਚ ਵੈਟਰਨ ਡੈਲਟਾ ਕੌਂਸਲਰ ਰਾਬਰਟ ਕੈਂਪਬੈਲ, ਅਤੇ ਨਵੇਂ ਮੈਂਬਰ ਡਾ: ਜੈਂਨ ਹੈਂਸਨ, ਕਿਮ ਕੈਂਡਲ ਅਤੇ ਸਿਮਰਨ ਵਾਲੀਆ ਹਨ।

ਸੰਪਰਕ ਕਰੋ

Jason Craik, co-campaign manager 604-603-1790

Kristy Fredericks, co-campaign manager 604-626-1374

teamdeltamedia@gmal.com